

LABOR COMMISSIONER'S OFFICE
CALIFORNIA DEPARTMENT OF INDUSTRIAL RELATIONS

DIR EST. 1927
State of California
Department of
Industrial Relations

# ਕੈਲੀਫੋਰਨੀਆ ਵਿੱਚ ਕੰਮ ਦੀ ਜਗਹ੍ਹਾਂ ਵਿਖੇ ਆਪਣੇ ਅਧਿਕਾਰਾਂ ਬਾਰੇ ਜਾਣੋ

**ਕੈਲੀਫੋਰਨੀਆ ਵਿੱਚ ਇੱਕ ਵਰਕਰ ਵਜੋਂ, ਤੁਹਾਨੂੰ ਆਪਣੀ ਕੰਮ ਦੀ ਜਗਹ੍ਹਾਂ ਅਤੇ ਸੰਵਿਧਾਨਕ ਅਧਿਕਾਰਾਂ ਬਾਰੇ ਜਾਣਨ ਅਤੇ ਉਨਹ੍ਹਾਂ ਦੀ ਵਰਤੋਂ ਕਰਨ ਦਾ ਅਧਿਕਾਰ ਹੈ। *ਭਾਵੇਂ ਇਮੀਗਰੇਸ਼ਨ ਦੀ ਸਥਿਤੀ ਜੋ ਵੀ ਹੋਵੇ* ਕਿਰਤ ਕਨੂੰਨ ਜਿਸ ਵਿੱਚ ਮਜ਼ਦੂਰੀ, ਕੰਮ ਦੇ ਘੰਟੇ ਅਤੇ ਸਿਹਤ ਅਤੇ ਸੁਰੱਖਿਆ ਦੇ ਮਿਆਰਾਂ ਦੀ ਤਰਹ੍ਹਾਂ ਹੋਰ ਚੀਜ਼ਾਂ ਵੀ ਸ਼ਾਮਲ ਹਨ, ਰਾਜ ਦੇ ਸਾਰੇ ਵਰਕਰਾਂ 'ਤੇ ਲਾਗੂ ਹੁੰਦੇ ਹਨ।**

## ਜੇ ਤੁਹਾਡਾ ਰੁਜ਼ਗਾਰਦਾਤਾ ਤੁਹਾਨੂੰ ਆਪਣੇ ਅਧਿਕਾਰਾਂ ਦੀ ਵਰਤੋਂ ਕਰਨ ਲਈ, ਤੁਹਾਡੇ ਵਿਰੁੱਧ ਬਦਲਾ-ਲਊ ਕਾਰਵਾਈ ਕਰਦਾ ਹੈ, ਤਾਂ ਇਹ ਕਨੂੰਨ ਦੇ ਵਿਰੁੱਧ ਹੈ, ਇਨਹ੍ਹਾਂ ਅਧਿਕਾਰਾਂ ਵਿੱਚ ਸ਼ਾਮਲ ਹਨ:



- ਲੇਬਰ ਕਮਿਸ਼ਨਰ, Cal/OSHA, ਨਾਗਰਿਕ ਅਧਿਕਾਰ ਵਿਭਾਗ ਜਾਂ ਹੋਰ ਸਰਕਾਰੀ ਏਜੰਸੀ ਨੂੰ ਸ਼ਿਕਾਇਤ ਦਰਜ ਕਰਵਾਉਣਾ
- ਆਪਣੇ ਰੁਜ਼ਗਾਰਦਾਤਾ ਦੀ ਸੰਘੀ, ਰਾਜ ਜਾਂ ਸਥਾਨਕ ਕਨੂੰਨ ਨਾਲ ਪਾਲਣਾ ਬਾਰੇ ਪੁੱਛਗਿੱਛ ਕਰਨੀ।
- ਹੋਰਾਂ ਨਾਲ ਸੰਘੀ, ਰਾਜ ਜਾਂ ਸਥਾਨਕ ਕਾਨੂੰਨ ਤਹਿਤ ਉਨਹ੍ਹਾਂ ਦੇ ਅਧਿਕਾਰਾਂ ਬਾਰੇ ਗੱਲਬਾਤ ਕਰਨਾ ਜਾਂ ਉਨਹ੍ਹਾਂ ਦੀ ਵਰਤੋਂ ਕਰਨ ਵਿੱਚ ਮਦਦ ਕਰਨਾ।

ਗੈਰ-ਕਾਨੂੰਨੀ ਤੌਰ 'ਤੇ ਬਦਲਾ-ਲਊ ਕਾਰਵਾਈਆਂ ਦੀਆਂ ਉਦਾਹਰਣਾਂ ਵਿੱਚ ਤੁਹਾਨੂੰ ਨੌਕਰੀ ਤੋਂ ਕੱਢਣਾ, ਤੁਹਾਡੇ ਕੰਮ ਦੇ ਘੰਟੇ ਘਟਾਉਣਾ, ਜਾਂ ਤੁਹਾਡੀ ਜਾਂ ਕਿਸੇ ਰਿਸ਼ਤੇਦਾਰ ਦੀ ਇਮੀਗਰੇਸ਼ਨ ਅਧਿਕਾਰੀਆਂ ਨੂੰ ਰਿਪੋਰਟ ਕਰਨ ਦੀ ਧਮਕੀ ਦੇਣਾ ਸ਼ਾਮਲ ਹੈ ਕਿਉਂਕਿ ਤੁਸੀ ਆਪਣੇ ਅਧਿਕਾਰਾਂ ਦੀ ਵਰਤੋਂ ਕੀਤੀ ਹੈ।

## ਇਮੀਗਰੇਸ਼ਨ ਦੀ ਸਥਿਤੀ ਨਾਲ ਸੰਬੰਧਿਤ ਕੰਮ ਦੀ ਜਗਹ੍ਹਾਂ ਵਿੱਚ ਸੁਰੱਖਿਆ

### ਇਮੀਗਰੇਸ਼ਨ ਜਾਂਚਾਂ ਬਾਰੇ ਨੋਟਿਸ ਪਰ੍ਹਾਪਤ ਕਰਨ ਦਾ ਅਧਿਕਾਰ *(ਲੇਬਰ ਕੋਡ § 90.2) (ਲੇਬਰ ਕੋਡ § 90.2)*


ਜੇ ਤੁਹਾਡਾ ਰੁਜ਼ਗਾਰਦਾਤਾ ਨੋਟਿਸ ਪਰ੍ਹਾਪਤ ਕਰਦਾ ਹੈ ਜੋ ਕਿ I-9 ਰੁਜ਼ਗਾਰ ਪਾਤਰਤਾ ਪੁਸ਼ਟੀ ਫਾਰਮਾਂ ਦੀ ਇਮੀਗਰੇਸ਼ਨ ਏਜੰਸੀ ਵੱਲੋਂ ਹੋਣ ਵਾਲੀ ਜਾਂਚ ਜਾਂ ਹੋਰ ਰੁਜ਼ਗਾਰ ਰਿਕਾਰਡਾਂ ਬਾਰੇ ਹੈ, ਤਾਂ ਤੁਹਾਡੇ ਰੁਜ਼ਗਾਰਦਾਤਾ ਨੂੰ ਉਸ ਨੋਟਿਸ ਨੂੰ ਪਰ੍ਹਾਪਤ ਕਰਨ ਦੇ 72 ਘੰਟਿਆਂ ਦੇ ਅੰਦਰ-ਅੰਦਰ, ਮਜ਼ਦੂਰਾਂ ਅਤੇ ਜੇ ਲਾਗੂਕਰਨ ਯੋਗ ਹੋਵੇ ਤਾਂ ਉਨਹ੍ਹਾਂ ਦੇ ਯੂਨੀਅਨ ਦੇ ਪਰ੍ਹਤੀਨਿਧੀਆਂ ਨੂੰ ਲਾਜ਼ਮੀ ਤੌਰ 'ਤੇ ਨੋਟਿਸ ਭੇਜਣਾ ਚਾਹੀਦਾ ਹੈ।

### ਅਣਉਚਿਤ ਇਮੀਗ੍ਰੇਸ਼ਨ ਨਾਲ ਸੰਬੰਧਿਤ ਅਮਲਾਂ ਵਿਰੁੱਧ ਤੁਹਾਡੀ ਸੁਰੱਖਿਆ *(ਲੇਬਰ ਕੋਡ §§ 1019-1019.2)*



ਕੈਲੀਫੋਰਨੀਆ ਦੇ ਕਨੂੰਨ ਤਹਿਤ, ਜਦੋਂ ਤੁਸੀ ਆਪਣੇ ਅਧਿਕਾਰਾਂ ਦੀ ਵਰਤੋਂ ਕਰਦੇ ਹੋ, ਉਦੋਂ ਰੁਜ਼ਗਾਰਦਾਤਾ ਵੱਲੋਂ ਤੁਹਾਡੇ ਵਿਰੁੱਧ ਬਦਲਾ-ਲਊ ਕਾਰਵਾਈ ਕਰਨਾ ਜਾਂ ਇਮੀਗ੍ਰੇਸ਼ਨ-ਸੰਬੰਧੀ ਕਾਰਵਾਈ ਦਾ ਡਰ ਦੇਣਾ ਗ਼ੈਰ-ਕਨੂੰਨੀ ਹੈ। ਤੁਹਾਡੇ ਵੱਲੋਂ ਆਪਣੇ ਅਧਿਕਾਰਾਂ ਦੀ ਵਰਤੋਂ ਕਰਨ 'ਤੇ ਰੁਜ਼ਗਾਰਦਾਤਾ 'ਤੇ ਹੇਠਾਂ ਦਿੱਤੀਆਂ ਕਾਰਵਾਈਆਂ ਕਰਨ 'ਤੇ ਰੋਕ ਹੈ।:

- I-9 ਪਰ੍ਕਿਰ੍ਆ (ID ਦੇ ਪਰ੍ਮਾਣ ਅਤੇ ਕੰਮ ਕਰਨ ਲਈ ਸੰਘੀ ਇਜਾਜ਼ਤ) ਦੌਰਾਨ ਪਹਿਚਾਣ ਦੇ ਦਸਤਾਵੇਜ਼ਾਂ ਜੋ ਕਿ ਸਹੀ ਲੱਗਦੇ ਹੋਣ ਉਨਹ੍ਾਂ ਨੂੰ ਸਵੀਕਾਰ ਕਰਨ ਤੋ ਇਨਕਾਰ ਕਰਨ 'ਤੇ।
- ਈ-ਪੁਸ਼ਟੀ (E-Verify) ਦੀ ਵਰਤੋਂ ਅਜਿਹੇ ਤਰੀਕੇ ਨਾਲ ਕਰਨਾ ਜੋ ਕਨੂੰਨ ਵੱਲੋਂ ਜ਼ਰੂਰੀ ਜਾਂ ਅਧਿਕਾਰਤ ਨਹੀ ਹੈ।
  - ਉਦਾਹਰਨ ਵਜੋਂ, ਜਦੋਂ ਅਜਿਹਾ ਕਰਨਾ ਕਨੂੰਨੀ ਤੌਰ 'ਤੇ ਜ਼ਰੂਰੀ ਨਾ ਹੋਵੇ ਉਦੋਂ ਰੁਜ਼ਗਾਰ ਪਾਤਰਤਾ ਦੀ ਮੁੜ-ਪੁਸ਼ਟੀ ਕਰਨ ਲਈ ਈ-ਪੁਸ਼ਟੀ (E-Verify) ਦੀ ਵਰਤੋਂ ਕਰਨਾ ਜਾਂ ਅਜਿਹਾ ਕਰਨ ਲਈ ਕੋਈ ਉੱਚਿਤ ਅਧਾਰ ਤੋਂ ਬਿਨਾਂ ਕੰਮ ਦੀ ਜਗਹ੍ਾਂ ਵਿੱਚ ਸਾਰੇ ਵਰਕਰਾਂ ਦੀ ਬਜਾਏ ਸਿਰਫ਼ ਖਾਸ ਵਰਕਰਾਂ ਦੀ ਜਾਂਚ ਕਰਨਾ।
- ਇਮੀਗਰ੍ੇਸ਼ਨ ਅਥਾਰਿਟੀਆਂ ਕੋਲ ਤੁਹਾਡੀ ਜਾਂ ਤੁਹਾਡੇ ਪਰਿਵਾਰ ਦੀ ਰਿਪੋਰਟ ਕਰਨਾ ਜਾਂ ਰਿਪੋਰਟ ਕਰਨ ਦਾ ਡਰ ਦੇਣਾ
- ਪੁਲਿਸ ਜਾਂ ਇੱਕ ਰਾਜ ਜਾਂ ਸੰਘੀ ਏਜੰਸੀ ਕੋਲ ਕੋਈ ਗਲਤ ਰਿਪੋਰਟ ਦਰਜ ਕਰਨਾ ਜਾਂ ਦਰਜ ਕਰਨ ਦਾ ਡਰ ਦੇਣਾ।



### ਤੁਹਾਡੇ ਕੋਲ ਅਪਾਤਕਾਲ ਸੰਪਰਕ ਲਈ ਕੋਈ ਨਾਮ ਦੇਣ ਦਾ ਅਧਿਕਾਰ ਹੈ। *(ਲੇਬਰ ਕੋਡ § 1555)*

ਤੁਹਾਡੇ ਰੁਜ਼ਗਾਰਦਾਤਾ ਨੂੰ ਤੁਹਾਨੂੰ ਅਪਾਤਕਾਲੀ ਸੰਪਰਕ ਜਾਣਕਾਰੀ ਪਰ੍ਦਾਨ ਕਰਨ ਦੀ ਇਜਾਜ਼ਤ ਦੇਣੀ **ਚਾਹੀਦੀ ਹੈ** ਅਤੇ ਇਹ ਸਾਰ-ਸੰਖੇਪ ਵਿੱਚ ਦੱਸਣ ਦਾ ਮੌਕਾ ਦੇਣਾ ਚਾਹੀਦਾ ਹੈ ਕਿ ਜੇ ਤੁਸੀ ਕੰਮ ਦੌਰਾਨ ਗਿਰ੍ਫ਼ਤਾਰ ਹੋਵੋਂ ਜਾਂ ਨਜ਼ਰਬੰਦ ਹੋ ਜਾਵੋ ਤਾਂ ਤੁਸੀ ਚਾਹੁੰਦੇ ਹੋ ਕਿ ਉਸ ਐਮਰਜੰਸੀ ਸੰਪਰਕ ਨੂੰ ਸੂਚਿਤ ਕੀਤਾ ਜਾਵੇ। ਜੇ ਤੁਸੀ ਕੰਮ ਦੌਰਾਨ ਗਿਰ੍ਫ਼ਤਾਰ ਹੁੰਦੇ ਹੋ ਜਾਂ ਨਜ਼ਰਬੰਦ ਹੋ ਜਾਂਦੇ ਹੋ ਅਤੇ ਤੁਹਾਡੇ ਰੁਜ਼ਗਾਰਦਾਤਾ ਨੂੰ ਇਸਦੀ ਜਾਣਕਾਰੀ ਹੈ, ਉਨਹ੍ਾਂ ਨੂੰ ਲਾਜ਼ਮੀ ਤੌਰ 'ਤੇ ਜੇ ਤੁਸੀ ਉਹ ਆਪਸ਼ਨ ਚੁਣਿਆ ਹੈ ਤਾਂ ਤੁਹਾਡੇ ਵੱਲੋਂ ਦਿੱਤੇ ਅਪਾਤਕਾਲੀ ਸੰਪਰਕ ਨੂੰ ਸੂਚਿਤ ਕਰਨਾ **ਚਾਹੀਦਾ** ਹੈ।

## ਤੁਹਾਨੂੰ ਕੰਮ ਦੀ ਜਗਹ੍ਾਂ 'ਤੇ ਯੂਨੀਅਨ ਜੱਥੇਬੰਦ ਕਰਨ ਜਾਂ ਰੱਖਿਆ ਸਰਗਰਮੀ ਵਿੱਚ ਸ਼ਾਮਲ ਹੋਣ ਦਾ ਅਧਿਕਾਰ ਹੈ।

ਕੈਲੀਫੋਰਨੀਆ ਵਿੱਚ ਜ਼ਿਆਦਾਤਰ ਕਰਮਚਾਰੀਆਂ ਨੂੰ ਯੂਨੀਅਨ ਵਿੱਚ ਜੱਥੇਬੰਦ ਹੋਣ, ਸ਼ਾਮਲ ਹੋਣ ਜਾਂ ਸਰਗਰਮੀਆਂ ਵਿੱਚ ਹਿੱਸੇਦਾਰੀ ਕਰਨ ਦਾ ਅਧਿਕਾਰ ਹੈ। ਕਰਮਚਾਰੀਆਂ ਕੋਲ ਕੰਮ ਦੀਆਂ ਹਾਲਤਾਂ ਨੂੰ ਸੁਧਾਰਨ ਲਈ ਜਾਂ ਸਮੂਹਿਕ ਮੁੱਲ-ਭਾਅ ਦੇ ਉਦੇਸ਼ ਲਈ ਵਰਕਰਾਂ ਨਾਲ ਸੰਬੰਧਿਤ ਮਸਲਿਆਂ ਅਤੇ ਚਿੰਤਾਵਾਂ ਦਾ ਹੱਲ ਕਰਨ ਲਈ ਸਾਥੀ-ਵਰਕਰਾਂ ਨਾਲ ਮਿਲ ਕੇ ਸਾਂਝਾ ਕਾਰਜ ਰਚਣ ਦਾ ਵੀ ਹੱਕ ਹੈ। **ਇਸਦਾ ਮਤਲਬ ਹੈ ਕਿ ਤੁਹਾਨੂੰ ਸਾਥੀ-ਵਰਕਰਾਂ ਨਾਲ ਮਿਲ ਕੇ ਬਿਹਤਰ ਕੰਮ ਕਰਨ ਦੀਆਂ ਸਥਿਤੀਆਂ ਦੀ ਬੇਨਤੀ ਕਰਨ ਜਾਂ ਕੰਮ ਨਾਲ ਸਬੰਧਤ ਚਿੰਤਾਵਾਂ ਉਠਾਉਣ ਦਾ ਅਧਿਕਾਰ ਹੈ, ਜਿਸ ਵਿੱਚ ਤਨਖਾਹ, ਕੰਮ ਦੇ ਘੰਟੇ, ਸਿਹਤ ਅਤੇ ਸੁਰੱਖਿਆ, ਅਤੇ ਰੁਜ਼ਗਾਰ ਦੀਆਂ ਹੋਰ ਸ਼ਰਤਾਂ ਸ਼ਾਮਲ ਹਨ।** ਤੁਹਾਨੂੰ ਯੂਨੀਅਨ ਸਰਗਰਮੀਆਂ ਜਾਂ ਸੁਰੱਖਿਆ ਸੰਬੰਧੀ ਸਰਗਰਮੀਆਂ ਵਿੱਚ ਹਿੱਸਾ ਨਾ ਲੈਣ ਦਾ ਵੀ ਅਧਿਕਾਰ ਹੈ। ਰੁਜ਼ਗਾਰਦਾਤਾ ਲਈ ਇਹ ਸਭ ਕਰਨਾ ਗ਼ੈਰ-ਕਨੂੰਨੀ ਹੈ:



- ਤੁਹਾਡੀਆਂ ਯੂਨੀਅਨ ਦੀਆਂ ਜਾਂ ਸੁਰੱਖਿਆ ਸਰਗਰਮੀਆਂ ਨੂੰ ਦਖ਼ਲਅੰਦਾਜ਼ੀ ਕਰਨਾ ਜਾਂ ਉਨਹ੍ਾਂ ਨੂੰ ਨਿਰਉਤਸਾਹਿਤ ਕਰਨਾ
- ਤੁਹਾਡੇ ਵੱਲੋਂ ਯੂਨੀਅਨ ਦਾ ਸਮਰਥਨ ਕਰਨ ਜਾਂ ਸੁਰੱਖਿਆ ਸਰਗਰਮੀਆਂ ਵਿੱਚ ਸ਼ਾਮਲ ਹੋਣ 'ਤੇ, ਤੁਹਾਨੂੰ ਡਰਾਉਣਾ, ਜਾਂ ਤੁਹਾਡੇ ਵਿਰੁੱਧ ਬਦਲਾ-ਲਊ ਕਾਰਵਾਈ ਜਾਂ ਭੇਦਭਾਵ ਕਰਨਾ।

## ਕੰਮ ਦੀ ਜਗਾ੍ਹਂ 'ਤੇ ਇਮੀਗਰੇਸ਼ਨ ਏਜੰਟਾਂ ਸਮੇਤ ਲਾਗੂਕਰਨ ਅਥਾਰਿਟੀ ਨਾਲ ਗੱਲਬਾਤ ਕਰਦੇ ਸਮੇਂ ਤੁਹਾਡੇ ਅਧਿਕਾਰ



ਕੈਲੀਫੋਰਨੀਆ ਦੇ ਵਰਕਰਾਂ ਨੂੰ ਯੂ. ਐੱਸ. ਦੇ ਸੰਵਿਧਾਨ ਤਹਿਤ ਵਿਸ਼ੇਸ਼ ਹੱਕ ਅਤੇ ਸੁਰੱਖਿਆ ਹਾਸਲ ਹੈ ***ਭਾਵੇ ਉਨਹ੍ਹਾਂ ਦੀ ਇਮੀਗਰੇਸ਼ਨ ਸਥਿਤੀ ਜੋ ਵੀ ਹੋਵੇ***, ਜਿਸ ਵਿੱਚ ਕਨੂੰਨ ਲਾਗੂਕਰਨ ਯੋਗ ਅਥਾਰਿਟੀਆਂ (ਸੰਘੀ ਇਮੀਗਰੇਸ਼ਨ ਏਜੰਟਾਂ ਸਮੇਤ) ਤੱਕ ਪਹੁੰਚ ਕਰਨਾ ਵੀ ਸ਼ਾਮਲ ਹੈ। ਇਸ ਤੋਂ ਇਲਾਵਾ, ਕੈਲੀਫੋਰਨੀਆ ਦੇ ਕਾਨੂੰਨ ਦੇ ਤਹਿਤ, ਰਾਜ ਅਤੇ ਸਥਾਨਕ ਕਾਨੂੰਨ ਲਾਗੂਕਰਨ ਯੋਗ ਅਥਾਰਿਟੀਆਂ ਜ਼ਿਆਦਾਤਰ ਹਾਲਾਤਾਂ ਵਿੱਚ ਆਈਸੀਈ (ICE) ਵਰਗੀਆਂ ਸੰਘੀ ਏਜੰਸੀਆਂ ਦੀ ਇਮੀਗਰੇਸ਼ਨ ਲਾਗੂ ਕਰਨ ਵਿੱਚ ਸਹਾਇਤਾ ਨਹੀਂ ਕਰ ਸਕਦੇ।

### ਤੁਹਾਨੂੰ ਅਣਉੱਚਿਤ ਤਲਾਸ਼ੀ ਤੋਂ ਮੁਕਤ ਹੋਣ ਦਾ ਹੱਕ ਹੈ *(ਯੂ. ਐੱਸ ਦਾ ਸੰਵਿਧਾਨ, ਚੌਥੀ ਸੋਧ)*


- ਜੇ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀ, ਜਿਸ ਵਿੱਚ ਇਮੀਗਰੇਸ਼ਨ ਏਜੰਟ ਵੀ ਸ਼ਾਮਲ ਹਨ, ਪੁੱਛਦੇ ਹਨ ਕਿ ਕੀ ਉਹ ਤੁਹਾਡੀ ਜਾਂ ਤੁਹਾਡੇ ਨਿੱਜੀ ਸਮਾਨ ਦੀ ਤਲਾਸ਼ੀ ਲੈ ਸਕਦੇ ਹਨ, ਜਦੋਂ ਤੱਕ ਕਿ ਉਨਹ੍ਹਾਂ ਕੋਲ ਤੁਹਾਡੇ ਵਿਅਕਤੀ ਜਾਂ ਤੁਹਾਡੇ ਨਿੱਜੀ ਸਮਾਨ ਦੀ ਤਲਾਸ਼ੀ ਲੈਣ ਲਈ ਵਿਸ਼ੇਸ਼ ਤੌਰ 'ਤੇ ਅਧਿਕਾਰਤ ਕਰਨ ਵਾਲਾ ਨਿਆਂਇਕ ਵਾਰੰਟ ਨਾ ਹੋਵੇ, ਤਾਂ ਤੁਹਾਨੂੰ ਨਾਂਹ ਕਹਿਣ ਦਾ ਅਧਿਕਾਰ ਹੈ।
- ਜੇ ਅਧਿਕਾਰੀ ਤੁਹਾਡੇ ਨਾ ਕਰਨ ਦੇ ਬਾਵਜੂਦ ਤਲਾਸ਼ੀ ਲੈਂਦੇ ਹਨ - ਤਾਂ ਤੁਸੀ ਸ਼ਾਂਤ ਰਹੋ, ਬਲਪੂਰਵਕ ਵਿਰੋਧ ਨਾ ਕਰੋ ਅਤੇ ਭੱਜੋ ਵੀ ਨਾ।

ਕਨੂੰਨ ਲਾਗੂਕਰਨ ਅਧਿਕਾਰੀ ਬਿਨਹ੍ਹਾਂ ਵਾਰੰਟ ਦੇ *ਜਨਤਕ ਖੇਤਰਾਂ* ਵਿੱਚ ਪਰ੍ਵੇਸ਼ ਕਰ ਸਕਦੇ ਹਨ। ਜਨਤਕ ਖੇਤਰਾਂ ਵਿੱਚ ਪਰ੍ਵੇਸ਼ ਖੇਤਰ, ਉਡੀਕ ਘਰ, ਜਨਤਕ ਭੋਜਨ ਖੇਤਰ ਜਾਂ ਕੰਮ ਦੀ ਜਗਾ੍ਹਂ ਦੇ ਪਾਰਕਿੰਗ ਸਥਾਨ ਆਦਿ ਸ਼ਾਮਲ ਹਨ। ਜ਼ਿਆਦਾਤਰ ਹਾਲਾਤਾਂ ਵਿੱਚ, ਕਾਨੂੰਨ ਲਾਗੂਕਰਨ ਅਧਿਕਾਰੀਆਂ ਨੂੰ ਤੁਹਾਡੀ ਕੰਮ ਦੀ ਜਗਾ੍ਹਂ ਦੇ *ਗੈਰ-ਜਨਤਕ* ਖੇਤਰਾਂ ਵਿੱਚ ਸਹਿਮਤੀ ਤੋਂ ਬਿਨਾਂ ਦਾਖਲ ਹੋਣ ਲਈ ਜੱਜ ਵੱਲੋਂ ਦਸਤਖ਼ਤ ਕੀਤੇ ਨਿਆਂਇਕ ਵਾਰੰਟ ਦੀ ਲੋੜ ਹੁੰਦੀ ਹੈ। ਗ਼ੈਰ-ਜਨਤਕ ਖੇਤਰਾਂ ਵਿੱਚ ਇੱਕ ਬਰ੍ਰੈਕ-ਰੂਮ, ਕਰਮਚਾਰੀਆਂ ਦਾ ਟਾਇਲਟ, ਕਾਰਜ-ਸਥਾਨ, ਜਾਂ ਸਿਰਫ਼ ਕਰਮਚਾਰੀਆਂ ਵਜੋਂ ਚਿੰਨਿਹ੍ਤ ਕੋਈ ਵੀ ਖੇਤਰ ਸ਼ਾਮਲ ਹੋ ਸਕਦਾ ਹੈ। ਪਰ੍ਸ਼ਾਸਕੀ ਫਾਰਮ ਜਿਵੇਂ I-200 ਜਾਂ I-205 ਨਿਆਇਕ ਵਾਰੰਟ ਨਹੀਂ ਹਨ।

ਕੈਲੀਫੋਰਨੀਆ ਵਿੱਚ, ਤੁਹਾਡੇ ਰੁਜ਼ਗਾਰਦਾਤਾ ਨੂੰ ਇਮੀਗਰੇਸ਼ਨ ਲਾਗੂਕਰਨ ਏਜੰਟ ਨੂੰ ਕੰਮ ਦੀ ਜਗਾ੍ਹਂ ਦੇ *ਗ਼ੈਰ-ਜਨਤਕ* ਖੇਤਰਾਂ ਵਿੱਚ ਦਾਖਲ ਹੋਣ ਲਈ ਸਵੈਇੱਛਤ ਸਹਿਮਤੀ ਦੇਣ 'ਤੇ ਰੋਕ ਹੈ। ਨਿਆਂਇਕ ਵਾਰੰਟ ਤੋਂ ਬਿਨਾਂ, ਤੁਹਾਡੇ ਰੁਜ਼ਗਾਰਦਾਤਾ ਨੂੰ ਕੰਮ ਦੀ ਜਗਾ੍ਹਂ ਦੇ *ਗੈਰ-ਜਨਤਕ* ਖੇਤਰਾਂ ਵਿੱਚ ਇਮੀਗਰੇਸ਼ਨ ਲਾਗੂਕਰਨ ਅਧਿਕਾਰੀਆਂ ਨੂੰ ਦਾਖਲ ਹੋਣ ਤੋਂ ਇਨਕਾਰ ਕਰਨਾ ਚਾਹੀਦਾ ਹੈ।

ਵਧੇਰੇ ਵਿਸਤਿਰ੍ਤ ਜਾਣਕਾਰੀ DOJ ਅਤੇ LCO ਦੇ ਸਾਂਝੇ ਪਰ੍ਵਾਸੀ ਵਰਕਰ ਸੁਰੱਖਿਆ ਐਕਟ FAQ (https://oag.ca.gov/system/files/media/ab450-faqs.pdf) ਵਿੱਚ ਮਿਲ ਸਕਦੀ ਹੈ।

### ਤੁਹਾਡੇ ਕੋਲ ਅਣਉੱਚਿਤ ਜ਼ਬਤੀ ਤੋਂ ਮੁਕਤ ਹੋਣ ਦਾ ਅਧਿਕਾਰ ਹੈ *(ਯੂ. ਐਸ. ਸੰਵਿਧਾਨ, ਚੌਥੀ ਸੋਧ)*



- ਤੁਹਾਡੀ ਅਣਉੱਚਿਤ ਜ਼ਬਤੀਆਂ ਵਿਰੁੱਧ ਰੱਖਿਆ ਕੀਤੀ ਜਾਂਦੀ ਹੈ, ਜਿਸ ਵਿੱਚ ਤੁਹਾਨੂੰ ਨਜ਼ਰਬੰਦ ਕਰਨਾ ਜਾਂ ਗਿਰ੍ਫ਼ਤਾਰ ਕਰਨਾ ਵੀ ਸ਼ਾਮਲ ਹੈ।
- ਕਨੂੰਨ ਲਾਗੂਕਰਨ ਅਧਿਕਾਰੀਆਂ ਕੋਲ ਤੁਹਾਨੂੰ ਰੋਕਣ ਅਤੇ ਪੁੱਛਗਿੱਛ ਕਰਨ ਜਾਂ ਤਲਾਸ਼ੀ ਲੈਣ ਤੋਂ ਪਹਿਲਾਂ ਕਿਸੇ ਗਲਤ ਕੰਮ ਦਾ "ਉੱਚਿਤ ਸੰਦੇਹ" ਹੋਣਾ ਚਾਹੀਦਾ ਹੈ। ਤੁਸੀ ਪੁੱਛ ਸਕਦੇ ਹੋ ਕਿ ""ਕੀ ਮੈਨੂੰ ਹਿਰਾਸਤ ਵਿੱਚ ਲਿਆ ਜਾ ਰਿਹਾ ਹੈ" ਜਾਂ "ਕੀ ਮੈਂ ਜਾਣ ਲਈ ਸੁਤੰਤਰ ਹਾਂ?" ਜੇ ਅਧਿਕਾਰੀ ਕਹਿੰਦਾ ਹੈ ਕਿ ਤੁਹਾਨੂੰ ਹਿਰਾਸਤ ਵਿੱਚ ਨਹੀਂ ਲਿਆ ਜਾ ਰਿਹਾ ਹੈ ਜਾਂ ਤੁਸੀ ਜਾਣ ਲਈ ਸੁਤੰਤਰ ਹੋ, ਤਾਂ ਤੁਸੀ ਸ਼ਾਂਤੀ ਨਾਲ ਜਾ ਸਕਦੇ ਹੋ।
- ਗਿਰ੍ਫ਼ਤਾਰੀ "ਸੰਭਾਵਿਤ ਕਾਰਨ" ਨਾਲ ਹੁੰਦੀ ਹੈ ਅਤੇ ਇਹ ਉਦੋਂ ਹੁੰਦੀ ਹੈ ਜਦੋਂ ਕਨੂੰਨ ਲਾਗੂਕਰਨ ਅਧਿਕਾਰੀਆਂ ਵੱਲੋਂ ਕਿਸੇ ਨੂੰ ਹਿਰਾਸਤ ਵਿੱਚ ਲਿਆ ਜਾਂਦਾ ਹੈ।
- ਕਨੂੰਨ ਲਾਗੂਕਰਨ ਏਜੰਟਾਂ ਨੂੰ ਲੋਕਾਂ ਵਿਚੋਂ ਕਿਸੇ ਨੂੰ ਗਿਰ੍ਫ਼ਤਾਰ ਕਰਨ ਲਈ ਜੱਜ ਵੱਲੋਂ ਦਸਤਖ਼ਤ ਕੀਤੇ ਗਏ ਵਾਰੰਟ ਦੀ ਲੋੜ ਨਹੀਂ ਹੁੰਦੀ ਹੈ।
- ਜੇ ਤੁਹਾਨੂੰ ਗਿਰ੍ਫ਼ਤਾਰ ਕੀਤਾ ਗਿਆ ਹੈ ਤਾਂ ਤੁਹਾਡੇ ਕੋਲ ਕਿਸੇ ਵਕੀਲ ਨਾਲ ਗੱਲ ਕਰਨ ਦਾ ਹੱਕ ਹੈ। ਤੁਹਾਡੇ 'ਤੇ ਕਿਸੇ ਡਾਕੂਮੈਂਟ 'ਤੇ ਸਾਈਨ ਕਰਨ ਲਈ ਦਬਾਅ ਪਾਇਆ ਜਾ ਸਕਦਾ ਹੈ। ਤੁਹਾਨੂੰ ਕਿਸੇ ਵਕੀਲ ਨਾਲ ਗੱਲ ਕੀਤੇ ਬਿਨਾਂ ਦਸਤਖ਼ਤ ਕਰਨ ਦੀ ਲੋੜ ਨਹੀਂ ਹੈ।

### ਚੁੱਪ ਰਹਿਣ ਦਾ ਤੁਹਾਡਾ ਅਧਿਕਾਰ *(ਯੂ. ਐਸ. ਸੰਵਿਧਾਨ, ਪੰਜਵੀਂ ਸੋਧ)*



- ਤੁਸੀ ਜੋ ਕੁਝ ਵੀ ਕਨੂੰਨ ਲਾਗੂਕਰਨ ਵਾਲੇ ਅਧਿਕਾਰੀਆਂ ਨੂੰ ਦੱਸਦੇ ਹੋ ਉਹ ਅਦਾਲਤ ਵਿੱਚ ਤੁਹਾਡੇ ਵਿਰੁੱਧ ਵਰਤਿਆ ਜਾ ਸਕਦਾ ਹੈ, ਇਸ ਲਈ ਤੁਹਾਡੇ ਕੋਲ ਚੁੱਪ ਰਹਿਣ ਦਾ ਅਧਿਕਾਰ ਹੈ।
- ਤੁਹਾਡੇ ਕੋਲ ਚੁੱਪ ਰਹਿਣ ਦਾ ਅਧਿਕਾਰ ਹੈ, ਫਿਰ ਭਾਵੇਂ ਤੁਹਾਡੀ ਇਮੀਗਰੇਸ਼ਨ ਸਥਿਤੀ ਬਾਰੇ ਹੀ ਕਿਉ ਨਾ ਪੁੱਛਿਆ ਹੋਵੇ।
- ਜੇ ਤੁਸੀ ਚੁੱਪ ਰਹਿਣਾ ਚਾਹੁੰਦੇ ਹੋ, ਅਜਿਹਾ ਸਾਫ਼-ਸਾਫ਼ ਕਹਿ ਦਿਓ, ਕਿਸੇ ਵਕੀਲ ਨਾਲ ਗੱਲ ਕਰਨ ਦੀ ਬੇਨਤੀ ਕਰੋ **ਅਤੇ ਫਿਰ ਚੁੱਪ ਰਹੋ।**
- ਅਧਿਕਾਰੀ ਨੂੰ ਗ਼ਲਤ ਜਾਣਕਾਰੀ, ਫ਼ਰਜ਼ੀ ਪਹਿਚਾਣ, ਜਾਂ ਫ਼ਰਜ਼ੀ ਡਾਕੂਮੈਂਟ ਨਾ ਪਰ੍ਦਾਨ ਕਰੋ। ਫਰਜ਼ੀ ਦਸਤਾਵੇਜ਼ ਪਰ੍ਦਾਨ ਕਰਨਾ ਸੰਘੀ ਅਪਰਾਧ ਹੈ ਅਤੇ ਗ਼ੈਰ-ਨਾਗਰਿਕਾਂ ਲਈ ਕਈ ਗੰਭੀਰ ਇਮੀਗਰੇਸ਼ਨ ਨਤੀਜੇ ਹੋ ਸਕਦੇ ਹਨ।

### ਪਹਿਲੀ ਸੋਧ ਤਹਿਤ ਤੁਹਾਡੇ ਕੋਲ ਜਨਤਕ ਥਾਵਾਂ ਵਿੱਚ ਕਨੂੰਨ ਲਾਗੂਕਰਨ ਅਧਿਕਾਰੀਆਂ ਨਾਲ ਗੱਲਬਾਤ ਨੂੰ ਰਿਕਾਰਡ ਕਰਨ ਅਧਿਕਾਰ ਹੈ।

ਆਮ ਲੋਕਾਂ ਨੂੰ ਜਨਤਕ ਥਾਵਾਂ 'ਤੇ ਆਪਣੇ ਕਰੱਤਵਾਂ ਦਾ ਪਾਲਣ ਕਰਦੇ ਹੋਏ ਅਧਿਕਾਰੀਆਂ ਅਤੇ ਸਰਕਾਰੀ ਅਧਿਕਾਰੀਆਂ ਨੂੰ ਦੇਖਣ ਅਤੇ ਰਿਕਾਰਡ ਕਰਨ ਦਾ ਅਧਿਕਾਰ ਹੈ। ਜੇ ਤੁਸੀ ਰਿਕਾਰਡ ਕਰਨ ਦੀ ਚੋਣ ਕਰਦੇ ਹੋ ਤਾਂ ਤੁਹਾਨੂੰ ਸੁਰੱਖਿਅਤ ਦੂਰੀ 'ਤੇ ਖੜਹ੍ੇ ਹੋਣਾ ਚਾਹੀਦਾ ਹੈ ਅਤੇ ਅਧਿਕਾਰੀਆਂ ਦੀਆਂ ਕਾਰਵਾਈਆਂ ਵਿੱਚ ਕੋਈ ਵੀ ਦਖ਼ਲ ਨਹੀਂ ਦੇਣਾ ਚਾਹੀਦਾ ਹੈ। ਸਰੀਰਕ ਰੁਕਾਵਟ ਜਾਂ ਜੁਬਾਨੀ ਵਿਵਾਦ ਤੁਹਾਡੀ ਸੁਰੱਖਿਆ ਨੂੰ ਖ਼ਤਰੇ ਵਿੱਚ ਪਾ ਸਕਦਾ ਹੈ ਅਤੇ ਇਸ ਨਾਲ ਤੁਹਾਡੇ 'ਤੇ ਅਪਰਾਧਿਕ ਇਲਜ਼ਾਮ ਲੱਗ ਸਕਦੇ ਹਨ।

### ਕਨੂੰਨੀ ਨੁਮਾਇੰਦਗੀ (ਵਕੀਲ) ਤਕ ਪਹੁੰਚ

ਜੇ ਤੁਹਾਨੂੰ ਗਿਰ੍ਫ਼ਤਾਰ ਕੀਤਾ ਜਾਂਦਾ ਹੈ, ਤੁਹਾਡੇ ਕੋਲ ਵਕੀਲ ਕਰਨ ਦਾ ਅਧਿਕਾਰ ਹੈ। ਜੇ ਤੁਸੀ ਵਕੀਲ ਦਾ ਖਰਚ ਨਹੀਂ ਚੁੱਕ ਸਕਦੇ ਤਾਂ ਤੁਹਾਡੇ ਕੋਲ ਅਪਰਾਧਿਕ ਕੇਸ ਵਿੱਚ ਤੁਹਾਡੀ ਪੈਰਵਹ੍ਹੀ ਕਰਨ ਲਈ ਸਰਕਾਰ ਵੱਲੋਂ ਨਿਯੁਕਤ ਵਕੀਲ ਮਿਲ ਸਕਦਾ ਹੈ।

ਫਿਰ ਵੀ, ਜੇ ਤੁਸੀ ਨਾਗਰਿਕ ਇਮੀਗਰੇਸ਼ਨ ਉਲੰਘਣਾ ਦੇ ਮਾਮਲੇ ਵਿੱਚ ਯੂ. ਐਸ. ਇਮੀਗਰੇਸ਼ਨ ਅਤੇ ਕਸਟਮ ਇਨਫੋਰਸਮੈਂਟ (ICE) ਜਾਂ ਯੂ. ਐੱਸ ਕਸਟਮ ਅਤੇ ਬਾੱਰਡਰ ਪਰੋ੍ਟੈਕਸ਼ਨ (CBP), ਜਿਸ ਵਿੱਚ ਬਾੱਰਡਰ ਪੈਟਰੋਲ ਵੀ ਸ਼ਾਮਲ ਹੈ, ਵੱਲੋਂ ਗਿਰ੍ਫ਼ਤਾਰ ਕੀਤਾ ਗਿਆ ਹੈ ਤਾਂ ਤੁਹਾਡੇ ਕੋਲ ਆਪਣੇ ਵਕੀਲ ਨਾਲ ਸਲਾਹ-ਮਸ਼ਵਰਾ ਕਰਨ ਦਾ ਅਧਿਕਾਰ ਹੈ, ਪਰ ਸਰਕਾਰ ਲਈ ਤੁਹਾਨੂੰ ਵਕੀਲ ਮੁਹੱਈਆ ਕਰਵਾਉਣਾ ਲਾਜ਼ਮੀ ਨਹੀਂ ਹੈ। ਜੇ ਤੁਹਾਨੂੰ ICE ਜਾਂ CBP ਵੱਲੋਂ ਗਿਰ੍ਫ਼ਤਾਰ ਕੀਤਾ ਗਿਆ ਹੈ, ਤਾਂ ਤੁਸੀ ਕੁਝ ਵੀ ਕਹਿਣ ਜਾਂ ਕਿਸੇ 'ਤੇ ਵੀ ਦਸਤਖ਼ਤ ਕਰਨ ਤੋਂ ਪਹਿਲਾਂ ਇੱਕ ਵਕੀਲ ਨਾਲ ਗੱਲ ਕਰਨ ਦੇ ਆਪਣੇ ਅਧਿਕਾਰ ਦੀ ਵਰਤੋਂ ਕਰ ਸਕਦੇ ਹੋ। ਤੁਸੀ ਆਪਣੇ ਦੂਤਾਵਾਸ (consulate) ਨਾਲ ਵੀ ਗੱਲ ਕਰ ਸਕਦੇ ਹੋ ਜੋ ਤੁਹਾਨੂੰ ਸਹਾਇਤਾ ਪਰ੍ਦਾਨ ਕਰ ਸਕਦਾ ਹੈ।



## ਵਰਕਰ ਮੁਆਵਜ਼ਾ

ਤੁਹਾਡੇ ਕੋਲ ਵਰਕਰ ਮੁਆਵਜ਼ਾ ਹਾਸਲ ਕਰਨ ਦਾ ਹੱਕ ਹੈ ਜੇ ਤੁਸੀ ਆਪਣੇ ਕੰਮ ਕਾਰਨ ਜਖ਼ਮੀ ਹੁੰਦੇ ਹੋ ਜਾਂ ਬਿਮਾਰ ਪੈ ਜਾਂਦੇ ਹੋ। ਇਹ ਲਾਭ ਤੁਹਾਨੂੰ ਤੁਹਾਡੇ ਜਖ਼ਮ/ਬਿਮਾਰੀ ਲਈ ਡਾਕਟਰੀ ਦੇਖਭਾਲ ਪਰ੍ਦਾਨ ਕਰਦੇ ਹਨ, ਜਿਸ ਸਮੇਂ ਦੌਰਾਨ ਤੁਸੀ ਠੀਕ ਹੁੰਦੇ ਹੋ, ਉਸ ਸਮੇਂ ਤੱਕ ਤੁਹਾਡੀ ਤਨਖਾਹ ਦੀ ਅੰਸ਼ਕ ਰੂਪ ਨਾਲ ਭਰਪਾਈ ਕਰਦੇ ਹਨ ਅਤੇ ਤੁਹਾਨੂੰ ਕੰਮ 'ਤੇ ਵਾਪਸ ਪਰਤਣ ਵਿੱਚ ਮਦਦ ਕਰਦੇ ਹਨ। ਵਧੇਰੇ ਜਾਣਕਾਰੀ ਲਈ, ਦਿੱਤੇ ਗਏ ਲਿੰਕ 'ਤੇ ਜਾਓ, [www.dir.ca.gov/dwc/](http://www.dir.ca.gov/dwc/) ਜਾਂ ਕਾਲ ਕਰੋ 1-800-736-7401.



# ਜਦੋਂ ਮੈਨੂੰ ਲੱਗਦਾ ਹੈ ਕਿ ਮੇਰੇ ਅਧਿਕਾਰਾਂ ਦੀ ਉਲੰਘਣਾ ਕੀਤੀ ਗਈ ਹੈ ਤਾਂ ਮੈਨੂੰ ਕਿਸਨੂੰ ਸੰਪਰਕ ਕਰਨਾ ਚਾਹੀਦਾ ਹੈ?

**ਜੇ ਤੁਹਾਨੂੰ ਲੱਗਦਾ ਹੈ ਕਿ ਤੁਹਾਡੇ ਅਧਿਕਾਰਾਂ ਦੀ ਉਲੰਘਣਾ ਹੋਈ ਹੈ, ਤਾਂ ਉਨ੍ਹਾਂ ਸਰਕਾਰੀ ਏਜੰਸੀਆਂ ਦੀ ਸੂਚੀ ਹੇਠਾਂ ਦਿੱਤੀ ਗਈ ਹੈ ਜਿੱਥੇ ਤੁਸੀਂ ਮਦਦ ਹਾਸਲ ਕਰ ਸਕਦੇ ਹੋ।**

## ਕੈਲੀਫੋਰਨੀਆ ਉਦਯੋਗਿਕ ਸੰਬੰਧਾਂ ਦਾ ਵਿਭਾਗ (California Department of Industrial Relations, DIR):

**ਕੈਲੀਫੋਰਨੀਆ ਲੇਬਰ ਕਮਿਸ਼ਨਰ ਦਫ਼ਤਰ (Labor Commissioner's Office):**

*ਜਾਣਕਾਰੀ:*
(833) LCO-INFO (833-526-4636)

*ਇਮੀਗ੍ਰੇਸ਼ਨ ਹੈਲਪਲਾਈਨ:*
(855) 526-7775

www.dir.ca.gov/dlse/

**ਕੈਲੀਫੋਰਨੀਆ ਵਰਕਰ ਮੁਆਵਜ਼ਾ ਵਿਭਾਗ (Division of Workers Compensation, DWC)**

(800) 736-7401

dir.ca.gov/dwc/

**ਕੈਲੀਫੋਰਨੀਆ ਪੇਸ਼ੇਵਰ ਸੁਰੱਖਿਆ ਅਤੇ ਸਿਹਤ ਵਿਭਾਗ (Occupational Safety and Health, Cal/OSHA)**

(833) 579-0927

https://www.dir.ca.gov/dosh/

## ਹੋਰ ਕੈਲੀਫੋਰਨੀਆ ਏਜੰਸੀਆਂ:

**ਕੈਲੀਫੋਰਨੀਆ ਅਟਾਰਨੀ ਜਨਰਲ (Attorney General, AG)**

(800) 952-5225

www.oag.ca.gov

**ਕੈਲੀਫੋਰਨੀਆ ਨਾਗਰਿਕ ਅਧਿਕਾਰ ਵਿਭਾਗ (Civil Rights Department, CRD)**

(800) 884-1684

calcivilrights.ca.gov/

***ਕੈਲੀਫੋਰਨੀਆ ਖੇਤੀਬਾੜੀ ਕਰਮਚਾਰੀ:***
**ਖੇਤੀਬਾੜੀ ਕਿਰਤ ਸੰਬੰਧ ਬੋਰਡ (Agricultural Labor Relations Board, ALRB)**

(800) 449-3699

www.alrb.ca.gov

***ਕੈਲੀਫੋਰਨੀਆ ਜਨਤਕ ਖੇਤਰ ਕਰਮਚਾਰੀ ਅਤੇ ਟਰਾਂਸਪੋਰਟੇਸ਼ਨ ਨੈੱਟਵਰਕ ਕੰਪਨੀ ਦੇ ਡਰਾਈਵਰ:*** **ਜਨਤਕ ਰੁਜ਼ਗਾਰ ਸੰਬੰਧ ਬੋਰਡ (Public Employment Relations Board, PERB)**

(916) 322-3198

perb.ca.gov

## ਸੰਘੀ ਏਜੰਸੀਆਂ:

***ਨਿੱਜੀ ਖੇਤਰ ਦੇ ਕਰਮਚਾਰੀ:***
**ਰਾਸ਼ਟਰੀ ਕਿਰਤ ਸੰਬੰਧ ਬੋਰਡ (National Labor Relations Board, NLRB):**

(844) 762-6572

www.nlrb.gov

***ਸੰਘੀ ਕਰਮਚਾਰੀ:***
**ਯੂ. ਐੱਸ. ਸੰਘੀ ਕਿਰਤ ਸੰਬੰਧ ਅਥਾਰਿਟੀ (Federal Labor Relations Authority, FLRA):**

(771) 444-5801

https://www.flra.gov/

***ਰੇਲਵੇ ਅਤੇ ਏਅਰਲਾਈਨ ਕਰਮਚਾਰੀ:***
**ਰਾਸ਼ਟਰੀ ਵਿਚੋਲਗੀ ਬੋਰਡ (National Mediation Board, NMB):**

(202) 692-5000

https://nmb.gov/NMB_Application/

## ਗੈਰ-ਸਰਕਾਰੀ ਸੰਗਠਨ:

ਤੁਸੀਂ ਸਹਾਇਤਾ ਲਈ ਕਿਸੇ ਗੈਰ-ਮੁਨਾਫ਼ਾ ਕਾਨੂੰਨੀ ਜਾਂ ਭਾਈਚਾਰਕ-ਅਧਾਰਤ ਸੰਗਠਨ ਨਾਲ ਵੀ ਸੰਪਰਕ ਕਰ ਸਕਦੇ ਹੋ। ਉਹਨਾਂ ਸੰਗਠਨਾਂ ਦੀ ਸੂਚੀ ਲਈ ਜੋ ਰਾਜ ਏਜੰਸੀਆਂ ਨਾਲ ਭਾਈਵਾਲੀ ਕਰਕੇ ਕਾਮਿਆਂ ਨੂੰ ਉਨ੍ਹਾਂ ਦੇ ਅਧਿਕਾਰਾਂ ਨੂੰ ਸਮਝਣ ਵਿੱਚ ਮਦਦ ਕਰਦੇ ਹਨ, ਸੱਜੇ ਪਾਸੇ QR ਕੋਡ ਨੂੰ ਸਕੈਨ ਕਰੋ, ਜਾਂ www.dir.ca.gov/dlse/Nonprofit-Legal-and-Community-Based-Organizations-Serving-Workers.html 'ਤੇ ਜਾਓ।